# First Quad Leaders' Virtual Summit

9th March 2021

---

## ਕਵਾਡ ਆਗੂਆਂ ਦਾ ਪਹਿਲਾ ਵਰਚੁਅਲ ਸਿਖਰ  ਸੰਮੇਲਨ

9 **ਮਾਰਚ**, 2021

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਆਸਟਰੇਲੀਆ ਦੇ ਪ੍ਰਧਾਨ ਮੰਤਰੀ ਸਕਾਟ ਮੌਰਿਸਨ, ਜਾਪਾਨ ਦੇ ਪ੍ਰਧਾਨ ਮੰਤਰੀ ਯੋਸ਼ੀਹਿਦ ਸੂਗਾ ਅਤੇ ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਜੋਸਫ ਆਰ. ਬਿਡੇਨ ਨਾਲ **12** ਮਾਰਚ, **2021** ਨੂੰ ਵਰਚੁਅਲ ਰੂਪ ਵਿੱਚ ਆਯੋਜਿਤ ਕੀਤੇ ਜਾ ਰਹੇ ਕਵਾਡਰਿਲੇਟਰਲ ਢਾਂਚੇ ਦੇ ਆਗੂਆਂ ਦੇ ਪਹਿਲੇ ਸਿਖਰ ਸੰਮੇਲਨ ਵਿੱਚ ਹਿੱਸਾ ਲੈਣਗੇ।

ਇੱਕਠੇ ਹੋ ਰਹੇ ਆਗੂ ਸਾਂਝੀ ਦਿਲਚਸਪੀ ਦੇ ਖੇਤਰੀ ਅਤੇ ਆਲਮੀ ਮੁੱਦਿਆਂ 'ਤੇ ਵਿਚਾਰ ਵਟਾਂਦਰੇ ਕਰਨਗੇ ਅਤੇ ਆਜ਼ਾਦ, ਖੁੱਲੇ ਅਤੇ ਸਮਾਵੇਸ਼ੀ ਭਾਰਤ- ਪ੍ਰਸ਼ਾਂਤ ਖੇਤਰ ਨੂੰ ਕਾਇਮ ਰੱਖਣ ਲਈ ਸਹਿਯੋਗ ਦੇ ਵਿਵਹਾਰਕ ਖੇਤਰਾਂ ਬਾਰੇ ਵਿਚਾਰ ਵਟਾਂਦਰੇ ਕਰਨਗੇ। ਇਸ ਸਿਖਰ ਸੰਮੇਲਨ ਨਾਲ ਸਮਕਾਲੀ ਚੁਣੌਤੀਆਂ ਜਿਵੇਂ ਲਚਕਦਾਰ ਸਪਲਾਈ ਚੇਨਾਂ, ਉੱਭਰ ਰਹੀ ਅਤੇ ਅਤਿ ਜ਼ਰੂਰੀ ਟੈਕਨੋਲੋਜੀ, ਸਮੁੰਦਰੀ ਸੁਰੱਖਿਆ ਅਤੇ ਮੌਸਮੀ ਤਬਦੀਲੀਆਂ ਬਾਰੇ ਵਿਚਾਰ ਵਟਾਂਦਰਾ ਕਰਨ ਦਾ ਮੌਕਾ ਮਿਲੇਗਾ।

ਇਹ ਨੇਤਾ **COVID -19** ਮਹਾਂਮਾਰੀ ਦਾ ਮੁਕਾਬਲਾ ਕਰਨ ਲਈ ਚੱਲ ਰਹੇ ਯਤਨਾਂ 'ਤੇ ਵਿਚਾਰ ਵਟਾਂਦਰਾ ਕਰਨਗੇ ਅਤੇ ਭਾਰਤ- ਪ੍ਰਸ਼ਾਂਤ ਖ਼ੇਤਰ ਅੰਦਰ ਟੀਕਿਆਂ ਤੱਕ ਸੁਰੱਖਿਅਤ, ਨਿਆਂਪੂਰਨ ਅਤੇ ਕਿਫਾਇਤੀ ਪਹੁੰਚ ਨੂੰ ਯਕੀਨੀ ਬਣਾਉਣ ਲਈ ਸਹਿਯੋਗ ਦੇ ਮੌਕਿਆਂ ਦੀ ਪੜਚੋਲ ਕਰਨਗੇ।

ਨਵੀਂ ਦਿੱਲੀ

**9** ਮਾਰਚ, **2021**

DISCLAIMER: This is an approximate translation. The original is available in English on MEA's website and may be referred to as the official press release.